5

# ਮਸੀਹ ਦਾ ਰੂਪ ਬਦਲਣਾ

ਮੱਤੀ 17:1-8 ਵਿਚ ਇਕ ਹੈਰਾਨੀਜਨਕ ਘਟਨਾ ਦਰਜ ਹੈ:

> ਛੇ ਦਿਨਾਂ ਮਗਰੋਂ ਯਿਸੂ ਪਤਰਸ ਅਤੇ ਯਾਕੂਬ ਅਤੇ ਉਹਦੇ ਭਾਈ ਯੂਹੰਨਾ ਨੂੰ ਨਾਲ ਲੈਕੇ ਉਨ੍ਹਾਂ ਨੂੰ ਇਕ ਉੱਚੇ ਪਹਾੜ ਉੱਤੇ ਵੱਖਰਾ ਲੈ ਗਿਆ। ਅਤੇ ਉਹ ਦਾ ਰੂਪ ਉਨ੍ਹਾਂ ਦੇ ਸਾਹਮਣੇ ਬਦਲ ਗਿਆ ਅਰ ਉਹਦਾ ਮੂੰਹ ਸੂਰਜ ਵਾਂਙੁ ਚਮਕਿਆ ਅਤੇ ਉਹਦੇ ਕੱਪੜੇ ਚਾਨਣ ਜਿਹੇ ਚਿੱਟੇ ਹੋ ਗਏ। ਅਰ ਵੇਖੋ ਜੋ ਮੂਸਾ ਅਤੇ ਏਲੀਆਹ ਉਸ ਨਾਲ ਗੱਲਾਂ ਕਰਦੇ ਉਨ੍ਹਾਂ ਨੂੰ ਵਿਖਾਲੀ ਦਿੱਤੇ। ਤਦ ਪਤਰਸ ਨੇ ਅੱਗੇ ਯਿਸੂ ਨੂੰ ਆਖਿਆ, ਪ੍ਰਭੂ ਜੀ ਸਾਡਾ ਐਥੇ ਹੋਣਾ ਚੰਗਾ ਹੈ। ਜੇ ਤੂੰ ਚਾਹੇਂ ਤਾਂ ਐਥੇ ਤਿੰਨ ਡੇਰੇ ਬਣਾਵਾਂ, ਇਕ ਤੇਰੇ ਲਈ ਅਤੇ ਇਕ ਮੂਸਾ ਲਈ ਅਤੇ ਇਕ ਏਲੀਆਹ ਲਈ। ਉਹ ਅਜੇ ਬੋਲਦਾ ਹੀ ਸੀ ਕਿ ਵੇਖੋ ਇਕ ਜੋਤਮਾਨ ਬੱਦਲ ਨੇ ਉਨ੍ਹਾਂ ਉੱਤੇ ਛਾਂ ਕੀਤੀ ਅਤੇ ਵੇਖੋ ਉਸ ਬੱਦਲ ਵਿੱਚੋਂ ਇਕ ਅਵਾਜ਼ ਇਹ ਕਹਿੰਦੀ ਆਈ ਜੋ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸੰਨ ਹਾਂ। ਉਹਦੀ ਸਣੋ। ਅਤੇ ਚੇਲੇ ਇਹ ਸੁਣ ਕੇ ਮੂਧੇ ਮੂੰਹ ਡਿੱਗ ਪਏ ਅਤੇ ਬਹੁਤ ਡਰੇ। ਪਰ ਯਿਸੂ ਨੇ ਨੇੜੇ ਆਣ ਕੇ ਉਨ੍ਹਾਂ ਨੂੰ ਛੋਹਿਆ ਅਤੇ ਕਿਹਾ, ‘‘ਉੱਠੋ ਅਤੇ ਨਾ ਡਰੋ।’’ ਤਦ ਉਨ੍ਹਾਂ ਨੇ ਆਪਣੀਆਂ ਅੱਖੀਆਂ ਚੁੱਕ ਕੇ ਹੋਰ ਕਿਸੇ ਨੂੰ ਨਹੀਂ ਪਰ ਇਕੱਲੇ ਯਿਸੂ ਨੂੰ ਡਿੱਠਾ।[1]

ਯਿਸੂ ਦੇ ਰੂਪ ਬਦਲਣ ਦਾ ਨਜ਼ਾਰਾ ਬਾਈਬਲ ਇਤਿਹਾਸ ਦੇ ਸਭ ਤੋਂ ਸ਼ਾਨਦਾਰ ਨਜ਼ਾਰਿਆਂ ਵਿੱਚੋਂ ਇਕ ਹੈ। ਇਹ ਨਜ਼ਾਰਾ ਯਿਸੂ ਵੱਲੋਂ ਆਪਣੀ ਕਲੀਸੀਆ ਬਣਾਉਣ ਦਾ ਵਾਅਦਾ ਕੀਤੇ ਜਾਣ ਦੇ ਹਫ਼ਤਾ ਕੁ ਬਾਅਦ ਨਜ਼ਰ ਆਇਆ (ਮੱਤੀ 16:18)। ਇਹ ਘਟਨਾ ਇਕ ਪਹਾੜ ’ਤੇ ਵਾਪਰੀ ਸੀ, ਜੋ ਸ਼ਾਇਦ ਕੈਸਰੀਆ, ਫ਼ਿਲਿੱਪੈ ਅਤੇ ਯਰੂਸ਼ਲਮ ਦੇ ਰਾਹ ’ਚ ਸੀ। ਯਿਸੂ ਨੇ ਤਿੰਨ ਗਵਾਹਾਂ, ਪਤਰਸ, ਯਾਕੂਬ ਅਤੇ ਯੂਹੰਨਾ ਨੂੰ ਨਾਲ ਲਿਆ। ਇਨ੍ਹਾਂ ਤਿੰਨਾਂ ਨੂੰ ਹੋਰ ਮੌਕਿਆਂ ਲਈ ਵੀ ਖ਼ਾਸ ਤੌਰ ਤੇ ਚੁਣਿਆ ਗਿਆ ਸੀ।[2] ਉਸ ਮਕਸਦ ਲਈ ਜਿਹੜਾ ਯਿਸੂ ਦੇ ਮਨ ’ਚ ਸੀ ਸਭ ਰਸੂਲਾਂ ਵਿੱਚੋਂ ਸ਼ਾਇਦ ਇਹ ਤਿੰਨੇ ਤਨੋਂ ਮਨੋਂ ਪੂਰੀ ਤਰ੍ਹਾਂ ਤਿਆਰ ਸਨ। ਪੌਲੁਸ ਨੇ ਬਾਅਦ ਵਿਚ ਇਨ੍ਹਾਂ ਤਿੰਨਾਂ ਲਈ ਕਿਹਾ ਕਿ ‘‘ਇਹ ਖੰਭੇ ਸਮਝੇ ਜਾਂਦੇ ਸਨ’’ (ਗਲਾਤੀਆਂ 2:9)। ਉਨ੍ਹਾਂ ਦੇ ਚੁਣੇ ਜਾਣ ਦਾ ਜੋ ਵੀ ਕਾਰਣ ਰਿਹਾ ਹੋਵੇ, ਪਰ ਇਹ ਤਿੰਨੇ ਹੀ ਇਸ ਮੌਕੇ ਦੁਆ ਕਰਨ ਲਈ ਯਿਸੂ ਦੇ ਨਾਲ ਪਹਾੜ ’ਤੇ ਆਏ ਸਨ।

## ਯਿਸੂ ਦਾ ਰੂਪ ਬਦਲਿਆ

ਜਦ ਯਿਸੂ ਦੁਆ ਕਰ ਰਿਹਾ ਸੀ ਤਾਂ ਉਹਦਾ ਰੂਪ ਬਦਲ ਗਿਆ। ਉਹਦਾ ਰੂਪ ਜਲਾਲੀ ਹੋ ਗਿਆ। ਇਸ ਨਾਲ ਉਸ ਭੇਤ ਦਾ ਜਿਸ ਵਿਚ ਆਪਣੀ ਪੂਰਵਹੋਂਦ ਵਿਚ ਉਹ ਸੀ ਅਤੇ ਉਸ ਸ਼ਾਨ ਦਾ ਜਿਹੜਾ ਵਡਿਆਈ ਪਾਉਣ ਦੇ ਬਾਅਦ ਉਸ ਨੂੰ ਮਿਲਣ ਵਾਲੀ ਸੀ, ਕੁਝ ਪਤਾ ਲਗਦਾ ਹੈ। ਸਵਰਗੀ

ਖੇਤਰ ਦੇ ਨਿਵਾਸੀਆਂ ਦਾ ਰੂਪ ਅਦੁੱਤੀ ਜਲਾਲ ਨਾਲ ਭਰਿਆ ਹੁੰਦਾ ਹੈ। ਖ਼ੁਦਾ ਨਾਲ ਮਿਲਣ ’ਤੇ ਮੂਸਾ ਦਾ ਮੂੰਹ ਚਮਕ ਉੱਠਿਆ ਸੀ (ਕੂਚ 34:29)। ਤਰਸੁਸ ਦੇ ਸੌਲੁਸ ਨੇ ਯਿਸੂ ਦੇ ਦਰਸ਼ਣ ਵਿਚ ਇਕ ਰੌਸ਼ਨੀ ‘‘ਸੂਰਜ ਦੇ ਤੇਜ ਨਾਲੋਂ ਵੀ ਵਧ ਕੇ’’ ਵੇਖੀ ਸੀ (ਰਸੂਲਾਂ ਦੇ ਕੰਮ 26:13)। ਪਤਰਸ ਅਤੇ ਯੂਹੰਨਾ ਨੇ ਯਿਸੂ ਦਾ ਜੋ ਰੂਪ ਵੇਖਿਆ, ਉਹ ਅਸਲ ’ਚ ਵਿਚਾਰ ਕਰਨ ਵਾਲੀ ਇਕ ਅਨੋਖੀ ਗੱਲ ਹੈ (ਪ੍ਰਕਾਸ਼ ਦੀ ਪੋਥੀ 1)। ਰੂਪ ਬਦਲਣ ਸਮੇਂ ਯਿਸੂ ਦਾ ਚਿਹਰਾ ਸੂਰਜ ਵਾਂਗੂੰ ਚਮਕਦਾ ਸੀ ਅਤੇ ਉਹਦੇ ਕੱਪੜੇ ਬੇਹੱਦ ਚਿੱਟੇ ਹੋ ਗਏ ਸਨ। ਉਹ ਨਜ਼ਾਰਾ ਬੇਹੱਦ ਸ਼ਾਨਦਾਰ ਹੋਵੇਗਾ।

## ਮੂਸਾ ਅਤੇ ਏਲੀਆਹ ਵਿਖਾਈ ਦਿੱਤੇ

ਜਦ ਪਤਰਸ, ਯਾਕੂਬ ਅਤੇ ਯੂਹੰਨਾ ਯਿਸੂ ਵੱਲ ਤੱਕ ਰਹੇ ਸਨ ਤਾਂ ‘‘ਵੇਖੋ ... ਦੋ ਮਨੁੱਖ ਉਸ ਨਾਲ ਗੱਲਾਂ ਕਰ ਰਹੇ ਸਨ’’ (ਲੂਕਾ 9:30)। ਮੂਸਾ ਅਤੇ ਏਲੀਆਹ ਦੇ ਜਾਣ ਨਾਲ ਕੁਝ ਭੇਤ ਜੁੜਿਆ ਹੋਇਆ ਸੀ। ਮੂਸਾ ਵਾਅਦੇ ਦੀ ਧਰਤੀ ਦੀ ਹੱਦ ’ਤੇ ਮਰਿਆ ਸੀ, ਪਰ ਉਹਨੂੰ ਮਨੁੱਖ ਦੇ ਹੱਥੋਂ ਦਫ਼ਨਾਇਆ ਨਹੀਂ ਗਿਆ ਸੀ। ਅਸਲ ‘ਚ ਯਹੂਦਾ 9 ਮੂਸਾ ਦੀ ਲਾਸ਼ ‘ਤੇ ਸ਼ੈਤਾਨ ਅਤੇ ਪ੍ਰਧਾਨ ਫ਼ਰਿਸ਼ਤੇ ਮੀਕਾਏਲ ਵਿਚਕਾਰ ਝਗੜੇ ਦੀ ਉਲਝਾਉਣ ਵਾਲੀ ਗੱਲ ਦੱਸਦਾ ਹੈ। ਯਹੂਦਾ ਨੇ ਇਹਨੂੰ ਵਿਸਥਾਰ ਵਿਚ ਨਹੀਂ ਦੱਸਿਆ ਅਤੇ ਨਾ ਇਹਦਾ ਜ਼ਿਕਰ ਹੋਰ ਕਿਤੇ ਹੈ। ਮੂਸਾ ਦੇ ਅਰਾਮ ਦੀ ਆਖ਼ਰੀ ਥਾਂ ਦਾ ਕੋਈ ਅਤਾ ਪਤਾ ਨਹੀਂ ਸੀ (ਵਿਵਸਥਾਸਾਰ 34:6)।

ਏਲੀਆਹ ਮਸੀਹ ਤੋਂ ਲਗਭਗ ਇਕ ਹਜ਼ਾਰ ਸਾਲ ਪਹਿਲਾਂ ਇਸ ਧਰਤੀ ’ਤੇ ਰਹਿੰਦਾ ਸੀ। ਉਹ ਪੁਰਾਣੇ ਨੇਮ ਦੇ ਉਨ੍ਹਾਂ ਦੋ ਜਣਿਆਂ ਵਿੱਚੋਂ ਇਕ ਸੀ ਜਿਨ੍ਹਾਂ ਨੂੰ ਉਠਾ ਲਿਆ[3] ਗਿਆ। ਠਹਿਰਾਏ ਹੋਏ ਸਮੇਂ ਤੇ, ਅਕਾਸ਼ ਤੋਂ ਅੱਗ ਦਾ ਇਕ ਰੱਥ ਆਇਆ ਅਤੇ ਏਲੀਆਹ ਨੂੰ ਇਸ ਦੁਨੀਆਂ ’ਚੋਂ ਉਠਾ ਲੈ ਗਿਆ (2 ਰਾਜਿਆਂ 2:11)।

ਮੂਸਾ ਦੀ ਮੌਤ ਦੇ ਪੰਦਰਾਂ ਸੌ ਸਾਲਾਂ ਬਾਅਦ ਅਤੇ ਏਲੀਆਹ ਦੇ ਜਾਣ ਦੇ ਇਕ ਹਜ਼ਾਰ ਸਾਲ ਬਾਅਦ, ਪ੍ਰਭੂ ਦੇ ਰੂਪ ਬਦਲਣ ਸਮੇਂ ਉਹ ਪਹਾੜ ‘ਤੇ ਯਿਸੂ ਨਾਲ ਗੱਲਾਂ ਕਰਦੇ ਵਿਖਾਈ ਦਿੱਤੇ ਸਨ। ਇਹ ਅਮਰਤਾ ਦਾ ਸਬੂਤ ਹੈ! ਮੁਰਦੇ ਮਰੇ ਨਹੀਂ ਹਨ! ਉਹ ਇਸ ਸਮੇਂ ਜ਼ਿੰਦਾ ਹਨ। ਮਨੁੱਖ ਵਿਚ ਕੁਝ ਹੈ ਜਿਹਦੀ ਹੋਂਦ ਖ਼ਤਮ ਨਹੀਂ ਹੁੰਦੀ ਹੈ।

ਦੋ ਆਦਮੀ ਧਰਤੀ ਤੋਂ ਆਪਣੇ ਜਾਣ ਦੇ ਸਦੀਆਂ ਬਾਅਦ ਮਸੀਹ ਨਾਲ ਗੱਲਾਂ ਕਰ ਰਹੇ ਸਨ। ਭਲਾ ਉਹ ਕੀ ਗੱਲਾਂ ਕਰ ਰਹੇ ਸਨ? ਸਾਨੂੰ ਤੁੱਕਾ ਲਗਾਉਣ ਦੀ ਲੋੜ ਨਹੀਂ ਹੈ। ਉਹ ਯਿਸੂ ਦੀ ਆਉਣ ਵਾਲੀ ਮੌਤ ਦੀਆਂ ਗੱਲਾਂ ਕਰ ਰਹੇ ਸਨ (ਲੂਕਾ 9:31), ਜੋ ਕਿ ਮਨੁੱਖ ਦਾ ਧਿਆਨ ਖਿੱਚਣ ਲਈ ਸਭ ਤੋਂ ਮਹੱਤਵਪੂਰਣ ਗੱਲ ਸੀ। ਯੁਗਾਂ ਪੁਰਾਣੇ ਇਨ੍ਹਾਂ ਲੋਕਾਂ ਦੀ ਇਸ ਗੱਲ ਵਿਚ ਦਿਲਚਸਪੀ ਕਿਉਂ ਹੋਵੇਗੀ? ਇਹਦਾ ਜਵਾਬ ਇਬਰਾਨੀਆਂ 9:15 ਵਿਚ ਮਿਲਦਾ ਹੈ ਜਿੱਥੇ ਕਿਹਾ ਗਿਆ ਹੈ ਕਿ ਉਹਦਾ ਲਹੂ ਪਾਪਾਂ ਦੀ ਮਾਫ਼ੀ ਵਾਸਤੇ ਅੱਗੇ ਅਤੇ ਪਿੱਛੇ ਵਹਿਆ।

## ਅਸਮਾਨ ਤੋਂ ਇਕ ਅਵਾਜ਼ ਆਈ

ਪਹਿਲਾਂ ਇਹ ਤਿੰਨੇ ਚੇਲੇ ਨੀਂਦ ’ਚ ਸਨ (ਲੂਕਾ 9:32), ਪਰ ਉਹ ਜਾਗ ਗਏ ਸਨ ਅਤੇ ਉਨ੍ਹਾਂ ਦੀ ਦਿਲਚਸਪੀ ਛੇਤੀ ਹੀ ਜਾਗ ਪਈ ਸੀ! ਪਤਰਸ ਨੇ ਇਹ ਜੋਸ਼ ਭਰੀ ਪੇਸ਼ਕਸ਼ ਰੱਖੀ: ‘‘... ਪ੍ਰਭੂ ਜੀ ਸਾਡਾ ਐਥੇ ਹੋਣਾ ਚੰਗਾ ਹੈ। ਜੇ ਤੂੰ ਚਾਹੇਂ ਤਾਂ ਐਥੇ ਤਿੰਨ ਡੇਰੇ ਬਣਾਵਾਂ, ਇਕ ਤੇਰੇ ਲਈ ਅਤੇ ਇਕ ਮੂਸਾ ਲਈ ਅਤੇ ਇਕ ਏਲੀਆਹ ਲਈ’’ (ਮੱਤੀ 17:4)।

ਲਗਦਾ ਹੈ ਜਿਵੇਂ ਉਹ ਤਿੰਨਾਂ ਨੂੰ ਇੱਕੋ ਜਿਹਾ ਰੁਤਬਾ ਦੇਣਾ ਚਾਹੁੰਦਾ ਹੋਵੇ। ਯਿਸੂ ਨੇ ਉਹਨੂੰ ਝਿੜਕਿਆ ਨਹੀਂ ਕਿਉਂਕਿ ਉਹਨੂੰ ਸਮਝਾਉਣ ਲਈ ਹੋਰ ਜ਼ਬਰਦਸਤ ਤਰੀਕਾ ਵਰਤਿਆ ਜਾਣਾ ਸੀ। ਇਕ ਚਿੱਟੇ ਬੱਦਲ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਖ਼ੁਦਾ ਦੀ ਅਵਾਜ਼ ਸੁਣਾਈ ਦਿੱਤੀ ਕਿ ''ਇਹ ਮੇਰਾ ਪਿਆਰਾ ਪੁੱਤਰ ਹੈ, ... ਇਸ ਦੀ ਸੁਣੋ'' (ਮੱਤੀ 17:5)। ਪਤਰਸ ਨੂੰ ਜ਼ਿੰਦਗੀ ਭਰ ਇਹ ਯਾਦ ਰਿਹਾ। ਤਕਰੀਬਨ ਇਕ ਪੀੜ੍ਹੀ ਗੁਜ਼ਰ ਜਾਣ ਦੇ ਬਾਅਦ ਉਹਨੇ ਇਹਦਾ ਜ਼ਿਕਰ ਕੀਤਾ (2 ਪਤਰਸ 1:16-18)।

ਇਹਦਾ ਕੀ ਮਤਲਬ ਸੀ? ਮੂਸਾ ਅਤੇ ਏਲੀਆਹ ਸਾਰੇ ਪੁਰਾਣੇ ਨੇਮ ਵਜੋਂ ਲਏ ਜਾ ਸਕਦੇ ਹਨ। ਮੂਸਾ ਸ਼ਰ੍ਹਾ ਨੂੰ ਵਿਖਾਉਂਦਾ ਹੈ; ਏਲੀਆਹ ਨਬੀਆਂ ਨੂੰ ਪ੍ਰਗਟਾਉਂਦਾ ਹੈ। ਯਿਸੂ ਨੇ ਖ਼ੁਦ ਇਹ ਛੋਟਾ ਵਾਕਾਂਸ਼ ''ਵਿਵਸਥਾ ਅਤੇ ਨਬੀ'' (ਮੱਤੀ 7:12) ਵਰਤਿਆ। ਇਕ ਸਮਾਂ ਸੀ ਜਦ ਮੂਸਾ ਅਤੇ ਨਬੀ ਅਖ਼ਤਿਆਰ ਦੀ ਅਵਾਜ਼ ਸਨ। ਰੂਪ ਬਦਲਣ ਸਮੇਂ, ਚੇਲਿਆਂ ਨੂੰ ਯਿਸੂ ਦੀ ਸੁਣਨ ਲਈ ਕਿਹਾ ਗਿਆ। ਖ਼ੁਦਾ ਨਬੀਆਂ ਰਾਹੀਂ ਜ਼ਰੂਰ ਬੋਲਿਆ, ਪਰ ਇਨ੍ਹਾਂ ਦਿਨਾਂ ਵਿਚ ਉਹਨੇ ਆਪਣੇ ਪੁੱਤਰ ਦੇ ਰਾਹੀਂ ਗੱਲ (ਇਬਰਾਨੀਆਂ 1:1, 2) ਕੀਤੀ ਹੈ ।

ਰੂਪ ਬਦਲਣ ਦੇ ਨੇੜੇ ਤੇੜੇ ਦੀ ਘਟਨਾ ਜ਼ੋਰ ਦੇ ਕੇ ਸਿਖਾਉਂਦੀ ਹੈ ਕਿ ਪੁਰਾਣਾ ਨੇਮ ਇਕ ਪਾਸੇ ਰੱਖ ਦਿੱਤਾ ਗਿਆ ਸੀ। ਇਸ ਸਬਕ ਦੀ ਪਤਰਸ ਨੂੰ ਲੋੜ ਸੀ ਅਤੇ ਇਹ ਘਟਨਾ ਪੌਲੁਸ ਦੀ ਲੜਾਈ ਦਾ ਸਭ ਤੋਂ ਵੱਡਾ ਮੁੱਦਾ ਬਣ ਗਿਆ। ਸਬਕ ਅੱਜ ਵੀ ਲੋੜੀਂਦਾ ਹੈ। ਮਨੁੱਖ ਅੱਜ ਵੀ ਮੂਸਾ ਨੂੰ ਸੁਣਨ 'ਤੇ ਜ਼ੋਰ ਦਿੰਦਾ ਹੈ। ਅਖ਼ਤਿਆਰ ਦੀ ਗੱਲ ਦੇ ਤੌਰ 'ਤੇ ਧਰਮ ਵਿਚ ਖ਼ੁਦਾ ਨੇ ਕਿਹਾ ਹੈ, ''ਇਹ ਮੇਰਾ ਪਿਆਰਾ ਪੁੱਤਰ ਹੈ ਇਸ ਦੀ ਸੁਣੋ।''

ਇਸ ਮੌਕੇ, ਤਿੰਨ ਚੇਲੇ, ਇਸਰਾਏਲ ਦੇ ਸੀਨੈ ਪਹਾੜ ਤੇ ਹੋਣ ਵਾਂਗੂੰ ਡਰ ਗਏ ਸਨ। ਉਨ੍ਹਾਂ ਦੇ ਸਜਦਾ ਕਰਨ 'ਤੇ ਯਿਸੂ ਨੇ ਉਨ੍ਹਾਂ ਨੂੰ ਛੂਹਿਆ ਅਤੇ ਉਨ੍ਹਾਂ ਆਲੇ-ਦੁਆਲੇ ਝਾਤੀ ਮਾਰ ਕੇ ਵੇਖਿਆ ਕਿ ''ਯਿਸੂ ਇਕੱਲਾ ਸੀ'' (ਮੱਤੀ 17:8)। ਮੂਸਾ ਅਤੇ ਏਲੀਆਹ ਜਾ ਚੁੱਕੇ ਸਨ; ਉਨ੍ਹਾਂ ਨੇ ਉਹਦੇ ਪੱਖ ਵਿਚ ਆਪਣਾ, ਅਧਿਕਾਰ ਸਮਰਪਤ ਕਰ ਦਿੱਤਾ ਸੀ।

## ਸਾਰ

ਖ਼ੁਦਾ ਦੇ ਵਚਨ ਵਿਚ ਸਿਖਾਇਆ ਗਿਆ ਹੈ ਕਿ ਤਿੰਨ ਤਰ੍ਹਾਂ ਦੇ ਰਾਜ ਹਨ ਭਾਵ ਧਰਤੀ ਦਾ, ਵਿਚਲਾ ਅਤੇ ਅਨਾਦੀਕਾਲ ਦਾ। ਰੂਪ ਬਦਲਣ ਬਾਰੇ ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਹਰ ਰਾਜ ਕੁਝ ਪ੍ਰਗਟਾਉਂਦਾ ਹੈ। ਇਨ੍ਹਾਂ ਸਭ ਦੀ ਏਕਤਾ ਕਿੱਥੇ ਪਾਈ ਗਈ ਹੈ? ਇਹ ਨਜ਼ਾਰਾ ਵੇਖਦਿਆਂ ਸਾਨੂੰ ਜ਼ਿੰਦਗੀ ਤੋਂ ਬਾਅਦ ਦੇ ਰਹਿੰਦੇ ਹਿੱਸੇ ਵੱਲ ਵਿਸ਼ਵਾਸ ਰੱਖਣਾ ਪੈਂਦਾ ਹੈ। ਇਨ੍ਹਾਂ ਤਿੰਨ ਗਵਾਹੀਆਂ ਵਿੱਚੋਂ ਇਕ ਯੂਹੰਨਾ ਨੇ ਬਾਅਦ ਵਿਚ ਲਿਖਿਆ ਕਿ ਇਕ ਦਿਨ ਅਸੀਂ ਵੀ ਮਸੀਹ ਵਰਗੇ ਹੋਵਾਂਗੇ, ''ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹਨੂੰ ਵੇਖਾਂਗੇ'' (1 ਯੂਹੰਨਾ 3:2)।

---

ਟਿੱਪਣੀਆਂ

[1]ਮਰਕੁਸ 9:2-8 ਅਤੇ ਲੂਕਾ 9:28-36 ਵਿਚ ਸਮਾਂਤਰ ਵੇਰਵੇ ਵੇਖੋ। [2]ਜੈਰਸ ਦੀ ਬੇਟੀ ਨੂੰ ਜਿਵਾਉਣ (ਮਰਕੁਸ 5) ਅਤੇ ਗਤਸਮਨੀ ਵਿਚ ਦੁਆ ਕਰਨ ਸਮੇਂ (ਮੱਤੀ 26) ਪਤਰਸ, ਯਾਕੂਬ ਅਤੇ ਯੂਹੰਨਾ ਵੀ ਯਿਸੂ ਦੇ ਨਾਲ ਸਨ। [3]ਭਾਵ ਏਲੀਆਹ ਨੂੰ ਮੌਤ ਦਾ ਸਵਾਦ ਚੱਖੇ ਬਗ਼ੈਰ ਅਸਮਾਨ 'ਤੇ ਉਠਾ ਲਿਆ ਸੀ। ਹਨੋਕ ਨੂੰ ਵੀ ਉਠਾ ਲਿਆ ਗਿਆ ਸੀ (ਇਬਰਾਨੀਆਂ 11:5)।